# ਕੈਨੇਡਾ ਤੋਂ ਬਾਹਰ ਰਹਣਿ ਵਾਲੇ ਜ਼ੀਂਦਾ ਗੁਰਦਾ ਦਾਨ ਕਰਨ ਵਾਲੇ

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਜੇ ਤੁਸੀ ਕੈਨੇਡਾ ਤੋ ਬਾਹਰ ਰਹਿੰਦੇ ਹੋ, ਤਾਂ ਤੁਹਾਡੇ ਲਈ ਸੰਭਵ ਹੈ ਕਿ ਤੁਸੀ ਓਂਟਾਰੀਓ ਵਿਚ ਰਹਿੰਦੇ ਪਰਵਾਰਕ ਮੈਂਬਰ ਜਾਂ ਦੋਸਤ ਲਈ ਗੁਰਦਾ ਦਾਨ ਕਰ ਸਕੋ। ਕੈਨੇਡਾ ਤੋਂ ਬਾਹਰ ਰਹਣਿ ਵਾਲੇ ਗੁਰਦਾ ਦਾਨੀ ਲਈ ਇਸ ਕਾਰਵਾਈ ਲਈ ਕੁੱਝ ਕਦਮ ਹਨ। ਇਸ ਕਤਿਾਬਚੇ ਵਚਿ ਦਸਿਆ ਜਾਏਗਾ ਕਿ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ।

### ਤੁਹਾਨੂੰ ਕੁੱਝ ਖਰਚਿਆਂ ਲਈ ਪੈਸੇ ਦੇਣੇ ਪੈਣਗੇ। ਓਂਟਾਰੀਓ ਸਰਕਾਰ ਉਨ੍ਹਾਂ ਵਚਿੋਂ ਕੁੱਝ ਵਾਪਸ ਕਰ ਦੇਵੇਗੀ।

- ਓਂਟਾਰੀਓ ਸਰਕਾਰ ਟ੍ਰੀਲੀਅਮ ਗਫ਼ਿਟ ਆਫ਼ ਲਾਈਫ਼ ਨੈੱਟਵਰਕ ਰਾਹੀ ਤੁਹਾਡੇ ਕੁੱਝ ਖਰਚੇ ਪ੍ਰੀਲੋਡ ਨਾਮੀ ਪ੍ਰੋਗਰਾਮ ਰਾਹੀ ਜ਼ੀਂਦਾ ਅੰਗ ਦਾਨੀਆਂ ਵੱਲੋ ਕੀਤੇ ਖਰਚਿਆਂ ਦੀ ਭਰਪਾਈ ਕਰਦੀ ਹੈ। ਤੁਸੀ ਸਫ਼ਰ ਲਈ ਖਰਚ ਕਰੋਗੇ ਅਤੇ ਪ੍ਰੋਗਰਾਮ ਨੂੰ ਪੈਸੇ ਵਾਪਸ ਲੈਣ ਲਈ ਐਪਲਾਈ ਕਰੋਗੇ। ਖਰਚਾ ਵਾਪਸ ਲੈਣ ਲਈ ਸਫ਼ਰ ਖਰਚੇ ਦੀਆਂ ਸਾਰੀਆਂ ਰਸੀਦਾਂ ਸਾਂਭ ਕੇ ਰੱਖੋ।
- ਅੰਗ ਦਾਨ ਕਰਨ ਲਈ ਜਦ ਤੁਸੀ ਓਂਟਾਰੀਓ ਪਹੁੰਚ ਜਾਂਦੇ ਹੋ ਤਾਂ ਟੈੱਸਟਾਂ, ਸਰਜਰੀ ਅਤੇ ਤੁਹਾਡੇ ਹਸਪਤਾਲ ਵਚਿ ਰਹਣਿ ਦੇ ਖਰਚੇ ਦੀ ਪੇਮੈਂਟ ਗੁਰਦਾ ਦਾਨ ਲੈਣ ਵਾਲੇ ਦੇ ਓਂਟਾਰੀਓ ਹੈਲਥ ਇੰਸ਼ੋਰੈਂਸ ਪਲੈਨ (OHIP) ਵੱਲੋਂ ਕੀਤੀ ਜਾਏਗੀ।

### ਤੁਹਾਡੇ ਵਚਿਾਰਨਯੋਗ ਕੁੱਝ ਹੋਰ ਗੱਲਾਂ:

- ਕੈਨੇਡਾ ਆਉਣ ਤੋ ਪਹਲਿਾਂ ਤੁਸੀ ਆਪਣੇ ਡਾਕਟਰ ਕੋਲੋਂ ਆਪਣੇ ਖ਼ੂਨ ਅਤੇ ਪਸ਼ਿਾਬ ਦੀ ਜਾਂਚ ਕਰਵਾਓ। ਇਨ੍ਹਾਂ ਟੈੱਸਟਾਂ ਦਾ ਖਰਚਾ ਤੁਸੀ ਕਰੋਗੇ ਜਾਂ ਜੇ ਸੰਭਵ ਹੈ ਤਾਂ ਤੁਹਾਡੇ ਦੇਸ ਦੀ ਬੀਮਾਂ ਕੰਪਨੀ ਕਰੇਗੀ। ਜੇ ਤੁਸੀ ਆਪਣੇ ਮੁਲਕ ਦੇ ਟ੍ਰਾਂਸਪਲਾਂਟ ਸੈਂਟਰ ਦੇ ਨੇੜੇ ਰਹਿੰਦੇ ਹੋ ਤਾਂ ਕੈਨੇਡਾ ਆਉਣ ਤੋ ਪਹਲਿਾਂ ਓਂਟਾਰੀਓ ਦੀ ਜ਼ੀਂਦਾ ਗੁਰਦਾ ਦਾਨ ਦਾ ਮੁਲਾਂਕਣ ਕਰਨ ਵਾਲੀ ਟੀਮ ਤੁਹਾਡੇ ਘਰ ਦੇ ਨੇੜੇ ਕੁੱਝ ਟੈੱਸਟ ਅਤੇ ਐਪੁਆਂਇੰਟਮੈਂਟਾਂ ਦਾ ਬੰਦੋਬਸਤ ਕਰ ਸਕਦੀ ਹੈ।
- ਤੁਸੀ ਕਨਿੀ ਚੰਗੀ ਤਰ੍ਹਾਂ ਅੰਗਰੇਜ਼ੀ ਪੜ੍ਹ ਅਤੇ ਬੋਲ ਸਕਦੇ ਹੋ? ਜੇ ਅੰਗਰੇਜ਼ੀ ਤੁਹਾਡੇ ਲਈ ਮੁਸ਼ਕਲ ਹੈ ਤਾਂ ਓਂਟਾਰੀਓ ਵਚਿ ਆਉਣ ਤੋ ਪਹਲਿਾਂ ਤੁਹਾਡੇ ਕੋਲੋ ਜਾਣਕਾਰੀ ਲੈਣਾ ਔਖਾ ਹੋਵੇਗਾ। ਇੱਕ ਵਾਰ ਜਦ ਤੁਸੀ ਓਂਟਾਰੀਓ ਵਚਿ ਹੋ ਤਾਂ ਜ਼ੀਂਦਾ ਗੁਰਦਾ ਦਾਨ ਕਰਨ ਦੇ ਪ੍ਰੋਗਰਾਮ ਵੱਲੋ ਸਹਿਤ ਸੰਭਾਲ ਟੀਮ ਨਾਲ ਮੁਲਾਕਾਤ ਲਈ ਤੁਹਾਡੇ ਵਾਸਤੇ ਦੁਭਾਸ਼ੀਏ ਦਾ ਬੰਦੋਬਸਤ ਕੀਤਾ ਜਾਏਗਾ।
- ਜਦੋਂ ਤੁਸੀ ਆਪਣੇ ਦੇਸ ਜਾਂ ਸੂਬੇ ਵਚਿ ਵਾਪਸ ਚਲੇ ਜਾਓਗੇ ਤਾਂ ਕੀ ਉੱਥੇ ਗੁਰਦਿਆਂ ਦਾ ਡਾਕਟਰ ਤੁਹਾਡੀ ਦੇਖਭਾਲ ਕਰਨ ਲਈ ਹੈ? ਗੁਰਦਾ ਦਾਨ ਕਰਨ ਦੀ ਸਰਜਰੀ ਤੋ ਬਾਅਦ ਡਾਕਟਰ ਵੱਲੋ ਹਰ ਸਾਲ ਚੈੱਕ ਕਰਨ ਦੀ ਲੋੜ ਹੁੰਦੀ ਹੈ।
- ਕੀ ਤੁਸੀ ਓਂਟਾਰੀਓ ਆਉਣ ਲਈ ਹਵਾਈ ਜਹਾਜ਼ ਦੀ ਟਕਿਟ ਖ਼ਰੀਦ ਸਕਦੇ ਹੋ ਅਤੇ ਸਰਜਰੀ ਤੋ ਬਾਅਦ ਪੈਸੇ ਵਾਪਸ ਮਲਿਨ ਤੱਕ ਇੰਤਜ਼ਾਰ ਕਰ ਸਕਦੇ ਹੋ।
- ਕੀ ਤੁਸੀ ਕੈਨੇਡਾ ਆਉਣ ਲਈ ਵੀਜ਼ਾ ਲੈ ਸਕਦੇ ਹੋ? ਵੀਜ਼ੇ ਦੀ ਅਰਜ਼ੀ ਲਈ ਸਟਿੀਜ਼ਨਸ਼ਪਿ ਅਤੇ ਇਮੀਗਰੇਸ਼ਨ ਕੈਨੇਡਾ ਤੋ ਚੈੱਕ ਕਰੋ।
- ਜਦੋਂ ਤੁਸੀ ਕੈਨੇਡਾ ਪਹੁੰਚਦੇ ਹੋ ਤਾਂ ਇਹ ਉਮੀਦ ਕਰੋ ਕਿ ਜੀਂਦਾ ਗੁਰਦਾ ਦਾਨੀ ਪ੍ਰੋਗਰਾਮ ਵੱਲੋ ਇਹ ਫ਼ੈਸਲਾ ਕਰਨ ਲਈ ਕਿ ਤੁਸੀ ਗੁਰਦਾ ਦਾਨੀ ਹੋ ਸਕਦੇ ਹੋ ਕਿ ਨਹੀ ਤੁਹਾਡੇ ਕਈ ਟੈੱਸਟ ਹੋਣਗੇ।

### ਕੈਨੇਡਾ ਤੋਂ ਬਾਹਰ ਰਹਣਿ ਵਾਲਿਆਂ ਲਈ ਕਦਮ

1. ਜਸਿ ਵਅਿਕਤੀ ਦੇ ਗੁਰਦੇ ਫੇਲ੍ਹ ਹੋਏ ਹਨ ਜੇ ਉਸ ਨੂੰ ਟ੍ਰਾਂਸਪਲਾਂਟ ਸੈਂਟਰ ਵੱਲੋ ਗੁਰਦੇ ਟ੍ਰਾਂਸਪਲਾਂਟ ਕਰਵਾਉਣ ਲਈ ਮਨਜ਼ੂਰੀ ਮਲਿ ਜਾਏ ਤਾਂ ਹੀ ਤੁਸੀ ਮੈਡੀਕਲ ਟੈੱਸਟ ਸ਼ੁਰੂ ਕਰਵਾ ਸਕਦੇ ਹੋ।
2. ਤੁਹਾਡੇ ਖ਼ੂਨ ਦੇ ਗਰੁੱਪ ਦੀ ਪੁਸ਼ਟੀ ਕਰਨ ਲਈ ਤੁਹਾਡਾ ਖ਼ੂਨ ਟੈੱਸਟ ਕੀਤਾ ਜਾਏਗਾ।
3. ਤੁਹਾਨੂੰ ਸੰਭਵਤਾ ਓਂਟਾਰੀਓ ਲਵਿੰਗਿ ਕਡਿਨੀ ਡੋਨਰ ਪ੍ਰੋਗਰਾਮ ਵੱਲੋ ਇੱਕ ਜਾਣਕਾਰੀ ਪੈਕੇਜ ਮਲਿਗਾ। ਜਸਿ ਵਚਿ ਇਹ ਸ਼ਾਮਲ ਹੋ ਸਕਦੇ ਹਨ:
   - ਜ਼ੀਂਦਾ ਗੁਰਦਾ ਦਾਨ ਬਾਰੇ ਜਾਣਕਾਰੀ।
   - ਸਹਿਤ ਬਾਰੇ ਸਵਾਲ ਨਾਮਾ ਜੋ ਪੂਰਾ ਕਰ ਕੇ ਵਾਪਸ ਭੇਜਣਾ ਹੋਵੇਗਾ।
   - ਤੁਹਾਡੇ ਪਰਵਾਰਕ ਡਾਕਟਰ ਲਈ ਚੱਠੀ ਜਸਿ ਵਚਿ ਤੁਹਾਡੇ ਹੋਣ ਵਾਲੇ ਟੈੱਸਟਾਂ ਦੀ ਲਸਿਟ ਹੋਵੇਗੀ।
   - ਦਾਨੀ ਵੱਲੋ ਦਸਖ਼ਤ ਕੀਤਾ ਅਤੇ ਗਵਾਹੀ ਵਾਲਾ ਘੋਸ਼ਣਾ ਪੱਤਰ। ਜਸਿ ਵਚਿ ਇਹ ਕਹਿਾ ਜਾਏ ਕਿ ਤੁਹਾਨੂੰ ਗੁਰਦੇ ਲਈ ਕੋਈ ਪੇਮੈਂਟ ਨਹੀ ਕੀਤੀ ਗਈ। ਕੈਨੇਡਾ ਵਚਿ ਅੰਗ ਦਾਨ ਲਈ ਪੇਮੈਂਟ ਗੈਰ ਕਾਨੂੰਨੀ ਹੈ।
4. **ਤੁਹਾਡੇ ਟੈੱਸਟਾਂ ਦੇ ਨਤੀਜੇ ਓਂਟਾਰੀਓ ਲਵਿੰਗਿ ਕਡਿਨੀ ਡੋਨਰ ਪ੍ਰੋਗਰਾਮ ਨੂੰ ਭੇਜਣੇ ਹੋਣਗੇ ਤਾਂ ਕਿ ਉਹ ਦਾਨੀ ਗੁਰਦਾ ਮਾਹਰ ਵੱਲੋ ਦੇਖੇ ਜਾ ਸਕਣ।**
   ਜੇ ਤੁਹਾਡੇ ਟੈੱਸਟ ਨਾਰਮਲ ਹਨ ਤਾਂ ਤੁਹਾਨੂੰ ਵੀਜ਼ੇ ਲੈਣ ਦੀ ਮਦਦ ਲਈ ਮੈਡੀਕਲ ਦੀ ਚੱਠੀ ਮਲਿਗੀ। ਤੁਸੀ 3-6 ਮਹੀਨਿਆਂ ਦੇ ਵੀਜ਼ੇ ਲਈ ਦਰਖ਼ਾਸਤ ਕਰੋ ਤਾਂ ਕਿ ਮੁਲਾਂਕਣ, ਸਰਜਰੀ ਅਤੇ ਸਹਿਤਯਾਬੀ ਲਈ ਤੁਹਾਨੂੰ ਸਮਾਂ ਮਲਿ ਸਕੇ। ਇੱਕ ਵਾਰ ਜਦ ਲਵਿੰਗਿ ਕਡਿਨੀ ਡੋਨਰ ਪ੍ਰੋਗਰਾਮ ਚੱਠੀ ਭੇਜਦਾ ਹੈ ਤਾਂ ਵੀਜ਼ਾ ਦੇਣ ਦੀ ਪ੍ਰਵਾਨਗੀ ਫੈਡਰਲ ਸਰਕਾਰ ਨੇ ਦੇਣੀ ਹੁੰਦੀ ਹੈ ਜੋ ਦਾਨੀ ਦੀ ਨਾਗਰਕਿਤਾ ਤੇ ਨਰਿਭਰ ਕਰਦੀ ਹੈ। ਕੈਨੇਡਾ ਵਚਿ ਰਹਣਿ ਲਈ ਮਦਦ ਵਾਸਤੇ ਕੋਈ ਚੱਠੀ ਗੁਰਦਾ ਦਾਨੀ ਨੂੰ ਹਸਪਤਾਲ ਵੱਲੋ ਨਹੀ ਦੱਤਿੀ ਜਾਂਦੀ।
5. ਜੇ ਕਰ ਤੁਹਾਡੇ ਟੈੱਸਟਾਂ ਦੇ ਨਤੀਜੇ ਅਸਾਧਾਰਨ ਹਨ ਤਾਂ ਤੁਹਾਨੂੰ ਫ਼ਾਲੋ-ਅੱਪ ਟੈੱਸਟਿੰਗ ਜਾਂ ਲੋੜੀਦੀ ਦੇਖਭਾਲ ਲਈ ਚੱਠੀ ਦੱਤਿੀ ਜਾਏਗੀ। ਤੁਸੀ ਗੁਰਦਾ ਦਾਨ ਕਰਨ ਦੇ ਯੋਗ ਨਹੀ ਹੋਵੋਗੇ।
6. ਓਂਟਾਰੀਓ ਵਚਿ ਰਹਿੰਦਿਆਂ ਕਸਿ ਐਕਸੀਡੈਂਟ ਜਾਂ ਚੋਟ ਜੋ ਗੁਰਦਾ ਦਾਨ ਸਰਜਰੀ ਨਾਲ ਸਬੰਧਤਿ ਨਹੀ ਲਈ ਤੁਹਾਨੂੰ ਮੈਡੀਕਲ ਦਾ ਸਫ਼ਰੀ ਬੀਮਾ ਕਰਵਾਉਣਾ ਪਵੇਗਾ।

**ਜੇ ਤੁਹਾਡੇ ਮਨ ਵਚਿ ਕੋਈ ਸਵਾਲ ਹੈ ਜਾਂ ਹੋਰ ਜ਼ਆਿਦਾ ਜਾਣਕਾਰੀ ਚਾਹੀਦੀ ਹੈ ਤਾਂ ਟ੍ਰਾਂਸਪਲਾਂਟ ਸੈਂਟਰ ਦੇ ਲਵਿੰਗਿ ਕਡਿਨੀ ਡੋਨਰ ਪ੍ਰੋਗਰਾਮ ਨੂੰ ਸੰਪਰਕ ਕਰੋ ਜੱਥੇ ਤੁਹਾਡੇ ਜਾਣਕਾਰ ਵਅਿਕਤੀ ਦਾ ਇਲਾਜ ਚਲ ਰਹਿਾ ਹੈ।**

**ਟ੍ਰੀਲੀਅਮ ਗਫਿਟ ਆਫ਼ ਲਾਈਫ਼ ਨੈੱਟਵਰਕ ਅਤੇ PRELOD ਬਾਰੇ ਹੋਰ ਜ਼ਆਿਦਾ ਜਾਣਕਾਰੀ ਲਈ ਇੱਥੇ ਜਾਓ: giftoflife.on.ca/en/transplant.html**

ਆਭਾਰ : ਮੌਰੀਨ ਕੋਨਲੀ, ਨਰਸ, ਲਵਿੰਗਿ ਡੋਨਰ ਕੋਆਰਡੀਨੇਟਰ, ਸੇਂਟ ਮਾਈਕਲ ਹਸਪਤਾਲ।

**ਓਂਟਾਰੀਓ ਰੀਨਲ ਨੈੱਟਵਰਕ ਬਾਰੇ ਹੋਰ ਜ਼ਆਿਦਾ ਜਾਣਕਾਰੀ ਲਈ ਕਰਿਪਾ ਕਰ ਕੇ ontariorenalnetwork.ca/en ਤੇ ਦੇਖੋ।**

ਇਹ ਜਾਣਕਾਰੀ ਉਪਲਬਧ ਫ਼ਾਰਮੈਟ ਤੇ ਚਾਹੀਦੀ ਹੈ?
1-877-280-8538, TTY 1-800-855-0511, info@ontariohealth.ca
July 2021 CQ-ORN5015

Ontario Health
Trillium Gift of Life Network

Ontario Health
Ontario Renal Network